# ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ: 10-01-2022 ਸਮਾਂ ਬਾਅਦ ਦੁਪਹਿਰ 02:00 ਵਜੇ ਸ੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 42 | ਸ੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 18 | ਸ੍ਰੀ ਕੁਲਵੰਤ ਸਿੰਘ | 35 | ਸ੍ਰੀ ਅਰੁਨਾ ਸ਼ਰਮਾ |
| 8 | ਸ੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 22 | ਸ੍ਰੀ ਜਸਬੀਰ ਸਿੰਘ ਮੰਣਕੂ | 36 | ਸ੍ਰੀ ਪ੍ਰਮੋਦ ਕੁਮਾਰ |
| 1 | ਸ੍ਰੀਮਤੀ ਜਸਪ੍ਰੀਤ ਕੋਰ | 23 | ਸ੍ਰੀਮਤੀ ਜਤਿੰਦਰ ਕੋਰ | 40 | ਸ੍ਰੀ ਸੁੱਚਾ ਸਿੰਘ ਕਲੋੜ |
| 3 | ਸ੍ਰੀ ਮਤੀ ਦਵਿੰਦਰ ਕੋਰ ਵਾਲਿਆ | 24 | ਸ੍ਰੀ ਚਰਨ ਸਿੰਘ ਮਾਸਟਰ | 41 | ਸ੍ਰੀਮਤੀ ਕੁਲਵੰਤ ਕੋਰ |
| 5 | ਸ੍ਰੀਮਤੀ ਰੁਪਿੰਦਰ ਕੋਰ ਰੀਨਾ | 25 | ਸ੍ਰੀ ਮਨਜੀਤ ਕੋਰ | 44 | ਸ੍ਰੀ ਜਗਦੀਸ ਸਿੰਘ |
| 7 | ਸ੍ਰੀਮਤੀ ਬਲਜੀਤ ਕੋਰ | 29 | ਸ੍ਰੀਮਤੀ ਕੁਲਦੀਪ ਕੋਰ | 45 | ਸ੍ਰੀਮਤੀ ਮੀਨਾ ਕੌਂਡਲ |
| 9 | ਸ੍ਰੀਮਤੀ ਬਲਰਾਜ ਕੋਰ | 30 | ਸ੍ਰੀ ਵਿਨੀਤ ਮਲਿਕ | 46 | ਸ੍ਰੀ ਰਵਿੰਦਰ ਸਿੰਘ |
| 11 | ਸ੍ਰੀਮਤੀ ਅਨੁਰਾਧਾ ਆਨੰਦ ਅੰਨੁ | 31 | ਸ੍ਰੀਮਤੀ ਕੁਲਜਿੰਦਰ ਕੋਰ | 47 | ਸ੍ਰੀਮਤੀ ਸੁਮਨ |
| 13 | ਸ੍ਰੀਮਤੀ ਨਮਰਤਾ ਸਿੰਘ | 32 | ਸ੍ਰੀ ਹਰਜੀਤ ਸਿੰਘ ਬੈਦਵਾਨ | 48 | ਸ੍ਰੀ ਨਰਾਇਣ ਸਿੰਘ ਸਿੱਧੂ |
| 14 | ਸ੍ਰੀ ਕਮਲਪ੍ਰੀਤ ਸਿੰਘ ਬਨੀ | 33 | ਸ੍ਰੀਮਤੀ ਹਰਜਿੰਦਰ ਕੋਰ ਬੈਦਵਾਨ | 49 | ਸ੍ਰੀਮਤੀ ਗੁਰਪ੍ਰੀਤ ਕੋਰ |

| Sr. No. | Resolution No. | Date of Meeting | Resolution Description | Orders of Competent Authority |
|---|---|---|---|---|
| 1) | 101 | 10-01-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ: 04-01-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ–ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 2) | 102 | 10-01-2022 | **ਨਵੇ ਨਿਯੁਕਤ ਹੋਏ ਸਫਾਈ ਸੇਵਕਾ ਦੀ ਜ਼ੋਨ ਵਾਈਜ਼ ਬੀ ਅਤੇ ਸੀ ਰੋਡ ਤੇ ਡਿਊਟੀਆਂ ਲਗਾਉਣ ਸਬੰਧੀ।**<br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਦਾ ਹੈ ਕਿ ਨਗਰ ਨਿਗਮ ਵੱਲੋ A, B ਅਤੇ C ਰੋਡਸ ਦੀ ਸਫਾਈ ਦਾ ਠੇਕਾ Lion Service Ltd. ਕੰਪਨੀ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ-1787 ਮਿਤੀ-22.04.2015 ਰਾਹੀਂ ਦਿੱਤਾ ਗਿਆ ਸੀ। ਇਸ ਕੰਮ ਦੀ ਮਿਆਦ ਵਿੱਚ ਪਹਿਲਾ ਸਮੇਂ-2 ਸਿਰ ਵਾਧਾ ਕੀਤਾ ਗਿਆ ਸੀ। ਪਰ ਹੁਣ ਹਾਊਸ ਦੇ ਮਤਾ ਨੰ-75 ਮਿਤੀ-02.11.2021 ਰਾਹੀਂ ਮਿਤੀ-14.02.2022 ਤੱਕ ਦਾ ਵਾਧਾ ਇਸ ਸ਼ਰਤ ਤੇ ਕੀਤਾ ਗਿਆ ਸੀ ਕਿ ਜੇਕਰ ਸਫਾਈ ਸੇਵਕਾਂ ਦੀ ਭਰਤੀ ਦੀ ਪ੍ਰਕਿਰਿਆ 03 ਮਹੀਨੇ ਤੋਂ ਪਹਿਲਾਂ ਕਰ ਲਈ ਜਾਂਦੀ ਹੈ ਅਤੇ ਮਕੈਨੀਕਲ ਸਵੀਪਿੰਗ ਲਈ ਨਵੀਂ ਟੈਂਡਰਿੰਗ ਪ੍ਰਕਿਰਿਆ ਪੂਰੀ ਹੋ ਜਾਦੀ ਹੈ ਤਾ ਮੌਜੂਦਾ ਕੰਪਨੀ ਦਾ ਕੰਟਰੈਕਟ ਸਮਾਪਤ ਕਰ ਦਿੱਤਾ ਜਾਵੇ। ਇਸ ਕੰਮ ਵਿਚ A, B ਅਤੇ C ਰੋਡਸ ਦੀ (ਸਵੀਪਿੰਗ, ਮਟੀਰੀਅਲ ਅਤੇ ਲੇਬਰ) ਸਫਾਈ Lion Service Ltd. ਕੰਪਨੀ ਵੱਲੋਂ ਕੀਤੀ ਜਾ ਰਹੀ ਹੈ।<br>ਸਰਕਾਰ ਦੀ ਪਾਲਿਸੀ ਅਨੁਸਾਰ ਠੇਕੇ/ਆਊਟਸੋਰਸ ਵਾਲੇ ਕਰਮਚਾਰੀਆਂ ਦੀ ਥਾਂ ਤੇ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਸਫਾਈ ਸੇਵਕ ਰੱਖੇ ਗਏ ਹਨ। ਇਹਨਾਂ ਹਦਾਇਤਾਂ ਦੀ ਪਾਲਣਾ ਹੇਠ ਨਗਰ ਨਿਗਮ ਵੱਲੋਂ 697 ਸਫਾਈ ਸੇਵਕਾਂ ਦੀ ਭਰਤੀ ਕੀਤੀ ਗਈ ਹੈ। ਇਸ ਸਮੇਂ ਨਗਰ ਨਿਗਮ ਵੱਲੋਂ ਜੋ ਸਫਾਈ ਦਾ ਕੰਮ ਕੀਤਾ ਜਾ ਰਿਹਾ ਹੈ ਉਸ ਵਿਚ A ਰੋਡ ਦੀ ਮਕੈਨੀਕਲ ਸਵੀਪਿੰਗ ਅਤੇ B ਅਤੇ C ਰੋਡਸ ਦੀ ਮੈਨੂਅਲ ਸਵੀਪਿੰਗ ਠੇਕੇਦਾਰ ਵੱਲੋਂ ਕੀਤੀ ਜਾ ਰਹੀ ਸੀ।<br>ਇੱਥੇ ਇਹ ਦੱਸਿਆ ਜਾਂਦਾ ਹੈ ਕਿ ਇਸ ਕੰਮ ਵਿੱਚ C ਰੋਡਸ ਦੀ ਮੈਨੂਅਲ ਸਵੀਪਿੰਗ ਦੇ | ਸਰਬ–ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਨਵੇਂ ਕੰਮ ਦਾ ਸਾਜੋ ਸਮਾਨ ਲੈਣ ਲਈ ਟੈਂਡਰ ਨੰ-247ELEC ਮਿਤੀ-24.12.2021 ਰਾਹੀਂ ਲੱਗਿਆ ਹੋਇਆ ਹੈ। ਜੋ ਕਿ ਮਿਤੀ-11.01.2022 ਨੂੰ ਖੁੱਲਣਾ ਹੈ। ਇਸ ਕੰਮ ਦੇ ਵਰਕ ਆਰਡਰ ਕਰਨ ਵਿੱਚ ਲੱਗਭਗ 1 ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਇਸ ਤੋਂ ਇਲਾਵਾ ਮਕੈਨੀਕਲ ਸਵੀਪਿੰਗ (A ਅਤੇ B ਰੋਡਸ)ਦੀ EOI ਦੀ ਟੈਕਨੀਕਲ ਬਿੱਡ ਖੋਲ ਦਿੱਤੀ ਗਈ ਹੈ ਅਤੇ ਇਸ ਕੰਮ ਦੇ ਫਾਇਨਲ ਟੈਂਡਰ ਲਗਾ ਕੇ ਵਰਕ ਆਰਡਰ ਕਰਨ ਉਪਰੰਤ ਕੰਮ ਕਰਨ ਵਿਚ ਕੁਝ ਸਮਾਂ ਲੱਗ ਸਕਦਾ ਹੈ।<br>ਹੁਣ ਨਗਰ ਨਿਗਮ ਵੱਲੋਂ ਮੈਨੂਅਲ (ਸਵੀਪਿੰਗ) ਦਾ ਕੰਮ ਆਪਣੇ ਪੱਧਰ ਤੇ ਕੀਤਾ ਜਾਣਾ ਹੈ। ਇਸ ਲਈ ਸੀ.ਟੀ/ਪੀ.ਟੀ , C ਰੋਡ, ਲਾਇਬਰੇਰੀ, ਕਮਿਊਨਿਟੀ ਸੈਂਟਰ, ਡੰਪਿਗ ਗਰਾਊਡ ਤੇ ਕੂੜਾ ਪਹੁੰਚਾਉਣ ਆਦਿ ਲਈ ਭਰਤੀ ਕੀਤੇ 697 ਸਫਾਈ ਸੇਵਕਾਂ ਦੀ ਭਰਤੀ ਕੀਤੀ ਗਈ ਹੈ। ਦੱਸਣਯੋਗ ਹੈ ਕਿ B ਰੋਡਸ ਲਈ 198, C ਰੋਡਸ ਲਈ ਲਗਭਗ 539, ਮਿਊਂਸਪਲ ਬਿਲਡਿੰਗ ਲਈ 45 ਤੇ ਸੀ.ਟੀ/ਪੀ.ਟੀ ਲਈ ਲਗਭਗ 375 ਸਫਾਈ ਸੇਵਕਾਂ ਦੀ ਜ਼ਰੂਰਤ ਬਣਦੀ ਹੈ। ਪਰੰਤੂ ਹਾਲ ਦੀ ਘੜੀ ਅਮਲਾ ਘੱਟ ਹੈ ਤੇ ਸਫਾਈ ਸੇਵਕਾਂ ਦੀ ਲੋੜ ਜ਼ਿਆਦਾ ਹੈ। ਇਸ ਲਈ ਯੋਗ ਹੋਵੇਗਾ ਕਿ ਸੀ.ਟੀ/ਪੀ.ਟੀ ਦਾ ਕੰਮ ਪਹਿਲਾਂ ਤੋਂ ਚੱਲ ਰਹੇ ਠੇਕੇਦਾਰ ਵੱਲੋਂ ਹੀ ਚੱਲਦਾ ਰੱਖਣਾ ਉਚਿਤ ਹੋਵੇਗਾ। ਕਿਉ ਜੋਂ B ਰੋਡਸ ਦਾ ਮਕੈਨੀਕਲ ਸਵੀਪਿੰਗ ਦੇ ਟੈਂਡਰ ਦਾ ਕੰਮ ਸਿਰੇ ਨਹੀਂ ਚੜਦਾ ਉਦੋਂ ਤੱਕ B ਰੋਡਸ ਦੀ ਮੈਨੂਅਲ ਸਵੀਪਿੰਗ ਦਾ ਕੰਮ ਨਵੇਂ ਨਿਯੁਕਤ ਹੋਏ ਸਫਾਈ ਸੇਵਕਾਂ ਤੋਂ ਕੰਮ ਲੈਣਾ ਉਚਿਤ ਹੋਵੇਗਾ। ਦੱਸਣਯੋਗ ਹੈ ਕਿ ਬੀ ਤੇ ਸੀ ਰੋਡਸ ਲਈ ਕੁੱਲ 737 ਸਫਾਈ ਸੇਵਕਾਂ ਦੀ ਲੋੜ ਹੈ ਪਰੰਤੂ ਕੇਵਲ 697 ਸਫਾਈ ਸੇਵਕ ਹੀ ਨਿਯੁਕਤ ਹੋਏ ਹਨ ਜਿਸ ਅਨੁਸਾਰ 40 ਸਫਾਈ ਸੇਵਕਾਂ ਦਾ ਅਮਲਾ ਘੱਟ ਹੈ ਇਸ ਲਈ ਨਿਯੁਕਤ ਹੋਏ ਸਫਾਈ ਸੇਵਕਾਂ ਨੂੰ ਲੋੜ ਅਨੁਸਾਰ ਵੰਡ ਕੇ ਸਾਰੀ ਸਫਾਈ ਮੁਕੰਮਲ ਕੀਤੀ ਜਾਵੇਗੀ।<br>ਇਸ ਲਈ ਜਦੋਂ ਤੱਕ A ਅਤੇ B ਰੋਡ ਦੀ ਮਕੈਨੀਕਲ ਸਵੀਪਿੰਗ ਦੇ ਲਗਾਏ ਹੋਏ ਟੈਂਡਰ ਦਾ ਕੰਮ ਪੂਰਾ ਨਹੀਂ ਹੁੰਦਾ ਉਦੋਂ ਤੱਕ ਨਵੇਂ ਨਿਯੁਕਤ ਕੀਤੇ ਸਫਾਈ ਸੇਵਕਾਂ ਤੋਂ B ਅਤੇ C ਰੋਡਸ | |

| | | | | |
|---|---|---|---|---|
| | | | ਤੇ ਮੈਨੂਅਲ ਸਫਾਈ ਦਾ ਕੰਮ ਲਿਆ ਜਾਵੇ ਅਤੇ Lion Service Ltd. ਕੰਪਨੀ ਵੱਲੋਂ ਕੇਵਲ A ਰੋਡ ਦਾ ਮਕੈਨਿਕਲ ਸਵੀਪਿੰਗ ਦਾ ਕੰਮ ਲਿਆ ਜਾਵੇ। ਇਸ ਤੋਂ ਇਲਾਵਾ ਜਦੋਂ ਤੱਕ ਨਗਰ ਨਿਗਮ ਵੱਲੋਂ ਜੋ ਟੈਂਡਰ ਲਗਾਇਆ ਗਿਆ ਹੈ ਉਸਦਾ ਸਮਾਨ ਨਹੀਂ ਆ ਜਾਦਾਂ ਉਦੋਂ ਤੱਕ ਮੈਨੂਅਲ ਸਵੀਪਿੰਗ ਲਈ ਕੰਪਨੀ ਦਾ ਸਾਜੋ ਸਮਾਨ ਵਰਤਿਆ ਜਾਵੇ। A ਅਤੇ B ਰੋਡਸ ਦੀ ਮਕੈਨੀਕਲ ਸਵੀਪਿੰਗ ਦਾ ਟੈਂਡਰ ਮੁਕੰਮਲ ਹੋਣ ਨੂੰ ਸਮਾਂ ਲੱਗੇਗਾ। ਲਗਭਗ 375 ਕਰਮਚਾਰੀ ਜੋ ਨਵੀਂ ਭਰਤੀ ਵਿੱਚ ਨਗਰ ਨਿਗਮ ਵਿਖੇ ਨਿਯੁਕਤ ਕੀਤੇ ਜਾਣੇ ਹਨ ਉਹਨਾਂ ਨੂੰ ਸੀ.ਟੀ/ਪੀ.ਟੀ ਦੀ ਸਫਾਈ ਦਾ ਕੰਮ ਦਿੱਤਾ ਜਾਣਾ ਹੈ। ਪਰ B ਰੋਡਸ ਦੀ ਮਕੈਨਿਕਲ ਸਵੀਪਿੰਗ ਵਾਲੇ ਟੈਂਡਰ ਨੂੰ ਸਮਾਂ ਲੱਗੇਗਾ। ਇਸ ਲਈ ਹਾਲ ਦੀ ਘੜੀ, ਨਵੀਂ ਭਰਤੀ ਵਿੱਚੋਂ ਸੀ.ਟੀ/ਪੀ.ਟੀ ਦੇ 375 ਕਰਮਚਾਰੀਆਂ ਨੂੰ ਵੀ B ਰੋਡਸ ਅਤੇ C ਰੋਡਸ ਦੀ ਮੈਨੂਅਲ ਸਵੀਪਿੰਗ ਦਾ ਕੰਮ ਦੇਣਾ ਯੋਗ ਹੋਵੇਗਾ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਸੀ.ਟੀ/ਪੀ.ਟੀ ਦਾ ਕੰਮ ਪਹਿਲਾਂ ਤੋਂ ਚੱਲ ਰਹੇ ਠੇਕੇਦਾਰ ਵੱਲੋ ਹੀ ਚੱਲਦਾ ਰੱਖਣਾ ਉਚਿਤ ਹੋਵੇਗਾ।<br>ਉਪਰੋਕਤ ਸਬੰਧੀ ਜੇਕਰ ਪ੍ਰਵਾਨ ਹੋਵੇ ਤਾਂ ਨਗਰ ਨਿਗਮ ਵੱਲੋਂ ਨਵੇਂ ਨਿਯੁਕਤ ਕੀਤੇ ਸਫਾਈ ਸੇਵਕਾਂ ਤੋਂ B ਅਤੇ C ਰੋਡਸ ਤੇ ਮੈਨੂਅਲ ਸਫਾਈ ਦਾ ਕੰਮ ਲਿਆ ਜਾਵੇ ਅਤੇ Lion Service Ltd. ਕੰਪਨੀ ਵੱਲੋਂ ਕੇਵਲ A ਰੋਡ ਦਾ ਮਕੈਨੀਕਲ ਸਵੀਪਿੰਗ ਦਾ ਕੰਮ ਤੋਂ ਇਲਾਵਾ ਮੈਨੂਅਲ ਸਵੀਪਿੰਗ ਲਈ, ਸਾਜੋ ਸਮਾਨ, ਡਰਾਇਵਰ, ਹੈਲਪਰ ਅਤੇ ਓਪਰੇਟਰ ਲੈਣੇ ਉਚਿਤ ਹੋਣਗੇ। ਇਸ ਲਈ ਸ਼ਹਿਰ ਦੀ ਸਫਾਈ ਸਬੰਧੀ B ਅਤੇ C ਰੋਡਸ ਦਾ ਬੀਟ ਪਲੇਨ ਵੀ ਤਿਆਰ ਕੀਤਾ ਗਿਆ ਹੈ ਜੋ ਕਿ ਪ੍ਰਵਾਨਗੀ ਲਈ ਵਿਚਾਰਨਾ ਯੋਗ ਹੋਵੇਗਾ। ਜਦੋਂ ਤੱਕ ਨਗਰ ਨਿਗਮ ਵੱਲੋਂ ਸਮਾਨ ਖਰੀਦਣ ਦੇ ਟੈਂਡਰ ਦੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ ਉਦੋਂ ਤੱਕ ਮੈਨੂਅਲ ਸਵੀਪਿੰਗ ਲਈ ਕੰਪਨੀ ਦਾ ਸਾਜੋ ਸਮਾਨ ਹੀ ਵਰਤਿਆ ਜਾਵੇ। A ਅਤੇ B ਰੋਡ ਦੀ ਮਕੈਨੀਕਲ ਸਵੀਪਿੰਗ ਦੇ ਠੇਕੇ ਦਾ ਕੰਮ ਜਦੋਂ ਤੱਕ ਸਿਰੇ ਨਹੀ ਲੱਗਦਾ ਉਦੋਂ ਤੱਕ ਸੀ.ਪੀ/ਪੀ.ਟੀ ਦਾ ਕੰਮ ਪਹਿਲਾਂ ਤੋਂ ਚੱਲ ਰਹੇ ਠੇਕੇਦਾਰ ਵੱਲੋਂ ਹੀ ਚੱਲਦਾ ਰੱਖਣਾ ਉਚਿਤ ਹੋਵੇਗਾ। ਇਸ ਤੋਂ ਇਲਾਵਾ ਹਾਊਸ ਦੇ ਮਤਾ ਨੰ-75 ਮਿਤੀ 02.11.2021 ਦੀ | |

<table>
<tr><td></td><td></td><td></td><td>ਪ੍ਰਵਾਨਗੀ ਸਰਕਾਰ ਦੇ ਪੱਤਰ ਨੰ-ਸ5-ਡਸਸ-ਮਸਸ-2021/48244 ਮਿਤੀ-13.12.2021 ਰਾਹੀਂ ਦਿੱਤੀ ਗਈ ਹੈ ਜਿਸ ਰਾਹੀਂ ਮਿਤੀ-15.11.2021 ਤੋਂ 03 ਮਹੀਨੇ ਦਾ ਜੋ ਵਾਧਾ ਕੀਤਾ ਗਿਆ ਸੀ ਉਸ ਵਿੱਚੋਂ ਬੀ ਅਤੇ ਸੀ ਰੋਡਸ ਦਾ ਕੰਮ ਠੇਕੇ ਤੇ ਭਰਤੀ ਕੀਤੇ ਸਫਾਈ ਸੇਵਕਾਂ ਵੱਲੋਂ ਹਾਜ਼ਰ ਹੋਣ ਉਪਰੰਤ ਰੱਦ ਕੀਤਾ ਜਾਣਾ ਉਚਿਤ ਹੋਵੇਗਾ।<br><br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td></td></tr>
<tr><td>3)</td><td>103</td><td>10-01-2022</td><td><u>ਨਗਰ ਨਿਗਮ ਦੀ ਹਦੂਦ ਦੇ ਅੰਦਰ ਪੈਦੀਆਂ ਵੱਖ-ਵੱਖ ਪਾਰਕਾਂ ਦੇ ਮੈਂਟੀਨੈਂਸ ਦੇ ਕੰਮਾਂ ਵਿੱਚ 25% ਦਾ ਵਾਧਾ ਕਰਨ ਸਬੰਧੀ।</u><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਹੇਠ ਲਿਖੇ ਕੰਮ ਪਾਰਕਾਂ ਦੀ ਮੈਂਟੀਨੈਂਸ ਨਾਲ ਸਬੰਧਤ ਹਨ। ਜਿਹਨਾਂ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-<br>
<table>
<tr><th>ਲੜੀ ਨੰ.</th><th>ਕੰਮ ਦਾਨਾਮ</th><th>ਤਖਮੀਨਾ ਲਾਗਤ (ਲੱਖਾ ਵਿੱਚ)</th><th>ਵਰਕ ਆਰਡਰ ਨੰ ਅਤੇ ਮਿਤੀ:</th><th>ਠੇਕੇਦਾਰ ਦਾ ਨਾਮ</th></tr>
<tr><td>1</td><td>ਐਨੁਅਲ ਮੈਂਟੀਨੈਂਸ ਆਫ ਜਨਰਲ ਪਾਰਕਸ/ਗਰੀਨ ਬੈਲਟਸ ਆਫ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ</td><td>56.82</td><td>554 ਮਿਤੀ: 15-02-2021</td><td>G.K. Enterprises</td></tr>
<tr><td>2</td><td>ਐਨੁਅਲ ਮੈਨਟੀਨੈਸ ਆਫ ਸਪੈਸ਼ਲ ਪਾਰਕ ਆਫ ਮਿਉਂਸਪਲ ਕਾਰਪੋਰੇਸਨ, ਐਸ.ਏ.ਐਸ.ਨਗਰ</td><td>50.40</td><td>552 ਮਿਤੀ: 15-02-2021</td><td>Kartik Electricals</td></tr>
<tr><td>3</td><td>ਐਨੁਅਲ ਮੈਂਟੀਨੈਂਸ ਆਫ ਨੇਚਰ ਪਾਰਕ, ਸੈਕਟਰ-62, ਐਸ.ਏ. ਐਸ.ਨਗਰ।</td><td>76.74</td><td>553 ਮਿਤੀ: 15-02-2021</td><td>G.K. Enterprises</td></tr>
</table></td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | | | | | | | |
|---|---|---|---|---|---|---|---|---|---|---|
| | | | | 4 | ਡਿਟੇਲਡ ਐਸਟੀਮੇਟਫਾਰ ਮੈਂਟੀਨੈਂਸ ਆਫ ਸਪੈਸ਼ਲ ਪਾਰਕਸ/ ਜਨਰਲ ਪਾਰਕਸ ਇੰਨ ਸੈਕਟਰ 53,54,55,56,57 ਐਂਡ 59, ਐਂਡ ਨੇਬਰ ਹੁੱਡ ਪਾਰਕ ਫੇਜ਼-6, ਬੋਗਨ ਵਿਲੀਆ ਪਾਰਕ ਫੇਜ਼-6, ਐਸ.ਏ.ਐਸ.ਨਗਰ (ਜੋਨ 1) | 90.71 | 535 ਮਿਤੀ: 15-02-2021 | Kartik Electricals | | |
| | | | | 5 | ਡਿਟੇਲਡ ਐਸਟੀਮੇਟਫਾਰ ਮੈਂਟੀਨੈਂਸ ਆਫ ਸਪੈਸ਼ਲ ਪਾਰਕਸ/ ਜਨਰਲ ਪਾਰਕਸ ਇੰਨ ਸੈਕਟਰ 60,61,62 ਐਂਡ 63, ਐਂਡ ਰੋਜ਼ ਗਾਰਡਨ ਫੇਜ਼-3ਬੀ2, ਲਾਇਬਰੇਰੀ ਪਾਰਕ, ਫੇਜ਼-7 ਐਡ ਸਿਲਵੀ ਪਾਰਕ ਫੇਜ਼-10, ਐਸ.ਏ.ਐਸ.ਨਗਰ (ਜੋਨ 2) | 95.1 | 556 ਮਿਤੀ: 15-02-2021 | New Janta International, Malerkotla | | |
| | | | | 6 | ਡਿਟੇਲਡ ਐਸਟੀਮੇਟ ਫਾਰ ਮੈਂਟੀਨੈਂਸ ਆਫ ਸਪੈਸ਼ਲ ਪਾਰਕਸ/ ਜਨਰਲ ਪਾਰਕਸ ਇੰਨ ਸੈਕਟਰ 64,65,65ਏ,66 ਐਂਡ 68, ਐਂਡ ਨੇਬਰ ਹੁੱਡ ਪਾਰਕ ਸੈਕਟਰ-65 ਐਂਡ | 98.21 | 557 ਮਿਤੀ: 15-02-2021 | Star Construction Company, Sec-82 Mohali | | |

| | | | | |
|---|---|---|---|---|
| | ਸਿਟੀ ਪਾਰਕ ਸੈਕਟਰ-68 ਐਸ.ਏ.ਐਸ.ਨਗਰ (ਜੋਨ 3) | | | |
| 7 | ਡਿਟੇਲਡ ਐਸਟੀਮੇਟ ਫਾਰ ਮੈਂਟੀਨੈਂਸ ਆਫ ਸਪੈਸ਼ਲ ਪਾਰਕਸ/ ਜਨਰਲ ਪਾਰਕਸ ਇੰਨ ਸੈਕਟਰ 69,70,71 ਐਂਡ ਨੇਬਰ ਹੁੱਡਪਾਰਕ ਸੈਕਟਰ-70,ਸਪੈਸ਼ਲ ਪਾਰਕ ਨੰ.32, ਸੈਕਟਰ-70 ਐਂਡ ਕਾਰਗਿਲ ਪਾਰਕ ਸੈਕਟਰ-71, ਐਸ.ਏ.ਐਸ.ਨਗਰ (ਜੋਨ 4) | 94.26 | 558 ਮਿਤੀ: 15-02-2021 | Star Construction Company, Sec-82 Mohali |
| 8 | ਡਿਟੇਲਡ ਐਸਟੀਮੈਂਟ ਫਾਰ ਮੇਨਟੀਨੈਂਸ ਆਫ ਪਾਰਕਸ ਇੰਨ ਸੈਕਟਰ-76,77,78,79 ਅਤੇ 80 ਇੰਨ ਐਸ.ਏ.ਐਸ ਨਗਰ, ਜ਼ੋਨ ਨੰ: 5 | 96.56 lacs | 653 ਮਿਤੀ: 02-07-2021 | Shri Ajit Nursary, Vill: kmabala, Sec-66 Mohali |

ਉਕਤ ਪਾਰਕਾਂ ਨਗਰ ਨਿਗਮ ਨੂੰ ਮਹਿਕਮਾ ਗਮਾਡਾ ਵੱਲੋਂ ਹੈਂਡ ਓਵਰ ਕੀਤੀਆਂ ਗਈਆਂ ਸਨ। ਇਸ ਸਬੰਧੀ ਨਵੇ ਤਖਮੀਨਿਆ ਬਣਾਉਣ ਸਬੰਧੀ ਪ੍ਰੋਸੈਸ ਚੱਲ ਰਿਹਾ ਹੈ ਅਤੇ ਇਸ ਦੇ ਟੈਂਡਰ ਦੇ ਪ੍ਰੋਸੈਸ ਨੂੰ ਲਗਭਗ 2 ਤੋਂ 3 ਮਹੀਨੇ ਦਾ ਸਮਾਂ ਲੱਗੇਗਾ। ਉਕਤ ਅਨੁਸਾਰ ਇਹਨਾ ਕੰਮਾ ਨੂੰ ਬਿਨਾ ਕਿਸੇ ਰੁਕਾਵਟ ਅਤੇ ਦੇਰੀ ਤੋਂ ਪਾਰਕਾਂ ਦੀ ਮੈਨਟੀਨੈਂਸ ਕੀਤੀ ਜਾਣੀ ਜਰੂਰੀ ਬਣਦੀ ਹੈ। ਇਹ ਕੰਮ ਲੇਬਰ/ਮਾਲੀਆਂ ਦੀ ਮਹੀਨਾ ਵਾਰ ਤਨਖਾਹ ਨਾਲ ਸਬੰਧਤ ਹੈ ਅਤੇ ਅਤਿ ਜਰੂਰੀ ਨੇਚਰ ਦਾ ਹੈ। ਜਦੋਂ

| | | | | |
|---|---|---|---|---|
| | | | ਤੱਕ ਟੈਂਡਰ ਪ੍ਰੋਸੈਸ ਪੂਰਾ ਨਹੀ ਹੋ ਜਾਂਦਾ, ਉਦੋ ਤੱਕ ਉਕਤ ਕੰਮਾਂ ਨੂੰ ਬਿਨਾ ਕਿਸੇ ਰੁਕਾਵਟ ਦੇ ਚਲਾਉਣ ਲਈ ਇਹਨਾ ਕੰਮਾਂ ਨੂੰ 25% ਰੀਵਾਈਜ ਕਰਨਾ ਜਰੂਰੀ ਹੋਵੇਗਾ।<br>ਸੋ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਹਨਾ ਤਖਮੀਨਿਆਂ ਵਿੱਚ 25% ਵਾਧਾ ਕਰਨ ਲਈ ਅਤੇ ਕੰਮ ਦੇ ਸਮੇਂ ਦੀ ਮਿਆਦ ਵਿੱਚ ਵਾਧਾ ਕਰਨ ਲਈ ਕੇਸ ਅਗਲੇਰੀ ਕਾਰਵਾਈ ਅਤੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 4) | 104 | 10-01-2022 | **ਨਗਰ ਨਿਗਮ ਦੀ ਹਦੂਦ ਅੰਦਰ 2015 ਵਿੱਚ ਬੀ . ਓ. ਟੀ ਆਧਾਰ ਤੇ ਬਣਵਾਏ ਬਸਕਿਊ ਸ਼ੈਲਟਰਾਂ ਦੇ ਠੇਕੇ ਦੀ ਮਿਆਦ ਖਤਮ ਹੋਣ ਤੇ ਇਨ੍ਹਾਂ ਤੇ ਐਡਵਰਟਾਈਜਮੈਂਟ ਕਰਨ ਦੇ ਅਧਿਕਾਰ ਨਵੇਂ ਸਿਰੇ ਤੋਂ ਦੇਣ ਲਈ ਈ-ਆਕਸ਼ਨ ਕਾਲ ਕਰਨ ਅਤੇ ਟੈਂਡਰ ਦੀ ਰਿਜਰਵ ਕੀਮਤ ਨਿਰਧਾਰਿਤ ਕਰਨ ਸਬੰਧੀ।**<br>ਰਿਪੋਰਟ ਐਡਵਰਟਾਇਜਮੈਂਟ ਸਾਖਾ ਕਿ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਨਗਰ ਨਿਗਮ ਵੱਲੋਂ 2014 ਵਿੱਚ ਆਪਣੀ ਹਦੂਦ ਅੰਦਰ ਬਸਕਿਊ ਸ਼ੈਲਟਰ ਬੀ.ਓ.ਟੀ ਆਧਾਰ ਤੇ ਬਣਵਾਉਣ ਲਈ ਟੈਂਡਰ ਕਾਲ ਕੀਤੇ ਗਏ ਸਨ।ਜਿਸ ਉਪਰੰਤ ਟੈਂਡਰ ਵਿੱਚ ਸਫਲ ਬਿਡਰ ਵੱਲੋਂ ਨਗਰ ਨਿਗਮ ਦੀ ਹਦੂਦ ਅੰਦਰ 33 ਬਸਕਿਊ ਸ਼ੈਲਟਰ ਬੀ.ਓ.ਟੀ ਆਧਾਰ ਤੇ ਬਣਾਏ ਗਏ ਸਨ। ਜਿਸ ਦੇ ਬਦਲੇ ਨਗਰ ਨਿਗਮ ਵੱਲੋਂ ਸਫਲ ਬਿਡਰ (Pioneer Publicity Corporation Pvt. Ltd. , Pioneer House , 2C/6,New Rohtak road, Karol Bagh, Near Liberty Cinema New Delhi) ਨੂੰ ਸਬੰਧਤ ਬਸਕਿਊ ਸ਼ੈਲਟਰਾਂ ਤੇ 7 ਸਾਲ ਲਈ(ਮਿਤੀ 26.03.2015 ਤੋਂ ਮਿਤੀ 25/03/2022 ਤੱਕ ਇਸ਼ਤਿਹਾਰਬਾਜੀ ਕਰਨ ਦੇ ਅਧਿਕਾਰ ਦਿੱਤੇ ਗਏ ਸਨ। ਇਸ ਠੇਕੇਦਾਰ ਵੱਲੋਂ ਸਬੰਧਤ ਬਸਕਿਊ ਸ਼ੈਲਟਰਾਂ ਨੂੰ ਆਪਣੇ ਖਰਚੇ ਤੇ ਬਣਾਉਣ ਅਤੇ ਦੇਖਭਾਲ ਕਰਨ ਤੋਂ ਇਲਾਵਾ ਨਗਰ ਨਿਗਮ ਨੂੰ ਪ੍ਰਤੀ ਮਹੀਨਾ 2516/-ਰੁਪੈ ਪ੍ਰਤੀ ਬਸਕਿਊ ਸ਼ੈਲਟਰ ਬਤੌਰ ਲਾਇਸੰਸ ਫੀਸ ਅਦਾ ਕੀਤੀ ਜਾ ਰਹੀ ਹੈ। ਮਿਤੀ 25.03.2022 ਨੂੰ ਮੌਜੂਦਾ ਠੇਕੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਇਨ੍ਹਾਂ ਬਸਕਿਊ ਸ਼ੈਲਟਰਾਂ ਦੀ ਦੇਖਭਾਲ ਦਾ ਕੰਮ ਅਤੇ ਇਨ੍ਹਾਂ ਤੇ ਇਸ਼ਤਿਹਾਰਬਾਜੀ ਕਰਨ ਦੇ ਅਧਿਕਾਰ ਨਵੇਂ ਸਿਰੇ ਤੋਂ ਦਿੱਤੇ ਜਾਣੇ ਜਰੂਰੀ ਹਨ ਤਾਂ ਜੋ ਇਨ੍ਹਾਂ ਬਸਕਿਊ ਸ਼ੈਲਟਰਾਂ ਦੀ ਦੇਖਭਾਲ ਅੱਗੇ ਤੋਂ ਹੁੰਦੀ ਰਹੇ ਅਤੇ ਇਨ੍ਹਾਂ ਤੇ ਐਡਵਰਟਾਈਜਮੈਂਟ ਕਰਨ ਦੇ ਬਦਲੇ ਨਗਰ ਨਿਗਮ ਨੂੰ ਪ੍ਰਾਪਤ ਹੋ ਰਹੀ ਆਮਦਨ ਪ੍ਰਾਪਤ ਹੁੰਦੀ ਰਹੇ। ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਮੁਤਾਬਿਕ ਐਡਵਰਟਾਈਜਮੈਂਟ ਦੇ ਕੰਮਾਂ ਦੀ ਅਲਾਟਮੈਂਟ ਈ-ਆਕਸ਼ਨ ਰਾਂਹੀ ਕੀਤੀ ਜਾਣੀ ਹੈ ਜਿਸ ਲਈ ਉਕਤ ਦਰਸਾਏ ਬੱਸਕਿਊ ਸ਼ੈਲਟਰਾਂ ਨੂੰ ਨਵੇਂ ਸਿਰੇ ਤੋਂ ਦੇਖਭਾਲ ਅਤੇ ਐਡਵਰਟਾਈਜ ਲਈ ਅਲਾਟ ਕਰਨ ਵਾਸਤੇ ਈ-ਆਕਸ਼ਨ ਕਾਲ ਕਰਨਾ ਅਤੇ ਸਬੰਧਤ ਬਸਕਿਊ ਸ਼ੈਲਟਰਾਂ ਤੇ ਐਡਵਰਟਾਈਜਮੈਂਟ ਡਿਸਪਲੇਅ ਕਰਨ ਦੇ ਅਧਿਕਾਰ | ਪ੍ਰਵਾਨ ਹੈ। ਇਸ ਦੇ ਨਾਲ ਹੀ ਇਸ ਵੀ ਫੈਸਲਾ/ਪ੍ਰਵਾਨ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਈ-ਆਕਸ਼ਨ ਰਾਂਹੀ ਬੱਸ ਕਿਊ ਸ਼ੈਲਟਰ ਤੇ ਇਸਤਿਹਾਰਬਾਜੀ ਕਰਨ ਦੇ ਅਧਿਕਾਰ ਨਵੇਂ ਸਿਰੇ ਤੋਂ ਮਿਤੀ: 24-03-2022 ਤੱਕ ਨਹੀਂ ਦਿੱਤੇ ਜਾਂਦੇ ਤਾਂ ਮੌਜੂਦਾ ਠੇਕੇਦਾਰ ਦੇ ਠੇਕੇ ਦੀ ਮਿਆਦ ਵਿੱਚ ਚੱਲ ਰਹੇ ਠੇਕੇ ਦੇ ਇਕਰਾਰਨਾਮੇ ਦੀਆਂ ਸ਼ਰਤਾਂ ਮੁਤਾਬਕ ਉਦੋਂ ਤੱਕ ਵਾਧਾ ਕਰ ਦਿੱਤਾ ਜਾਵੇ। ਜਦੋਂ ਤੱਕ ਇਨ੍ਹਾ ਦੀ ਅਲਾਟਮੈਂਟ ਦਫ਼ਤਰੀ ਤਜਵੀਜ ਮੁਤਾਬਿਕ ਨਵੇਂ ਸਿਰੇਂ ਤੋ ਈ-ਆਕਸ਼ਨ ਕਰਕੇ ਨਹੀ ਹੋ ਜਾਂਦੀ। ਅਜਿਹਾ ਇਸ ਲਈ ਜਰੂਰੀ ਹੈ ਤਾਂ ਜੋ ਨਗਰ ਨਿਗਮ ਨੂੰ ਬੱਸ ਕਿਊ ਸੈਲਟਰ ਦੀ ਮੈਨਟੇਨੇਂਸ ਲਈ ਆਪਣੇ ਫੰਡਜ ਨਾ ਖਰਚਣੇ ਪੈਣ ਅਤੇ ਜੋ |

| | | | | |
|---|---|---|---|---|
| | | | ਦੇਣ ਦੇ ਬਦਲੇ ਘੱਟੋ ਘੱਟ/ਰਿਜਰਵ ਡਿਸਪਲੇਅ ਚਾਰਜਿਜ/ਲਾਇਸੰਸ ਫੀਸ ਨਿਰਧਾਰਿਤ ਕਰਨਾ ਜਰੂਰੀ ਹੈ। ਇਸ ਸਬੰਧੀ ਦੱਸਣਯੋਗ ਹੈ ਕਿ ਖਤਮ ਹੋ ਰਹੇ ਠੇਕੇ ਵਿੱਚ ਬਸਕਿਊ ਸ਼ੈਲਟਰਾਂ ਤੋਂ ਪ੍ਰਾਪਤ ਹੋ ਰਹੀ ਲਾਇਸੰਸ ਫੀਸ ਸਿਰਫ 2516/-ਰੁਪੈ ਪ੍ਰਤੀ ਬਸਕਿਊ ਸ਼ੈਲਟਰ ਹੋਣ ਦਾ ਕਾਰਨ ਠੇਕੇਦਾਰ ਵੱਲੋਂ ਇਨ੍ਹਾਂ ਨੂੰ ਆਪਣੇ ਖਰਚੇ ਤੇ ਬਣਾਉਣਾ ਸੀ। ਜਦ ਕਿ ਇਸ ਸਮੇਂ ਇਹ ਬਸਕਿਊ ਸ਼ੈਲਟਰ ਬਣੇ ਹੋਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਦੀ ਸਿਰਫ ਦੇਖਭਾਲ ਹੀ ਕੀਤੀ ਜਾਣੀ ਹੈ ਜਿਸ ਤੇ ਬਹੁਤ ਜਿਆਦਾ ਖਰਚਾ ਨਹੀ ਂਆਉਂਦਾ।ਇਸ ਲਈ ਉਚਿਤ ਹੋਵੇਗਾ ਕਿ 33 ਬਸਕਿਊ ਸ਼ੈਲਟਰਾਂ ਦੀ ਰਿਜਰਵ ਕੀਮਤ 25000/-ਪ੍ਰਤੀ ਬਸਕਿਊ ਸ਼ੈਲਟਰ ਜੋ ਕਿ 33 ਬਸਕਿਊ ਸ਼ੈਲਟਰਾਂ ਦੀ 8,25000/-ਰੁਪੈ ਅਤੇ ਇਕ ਸਾਲ ਦੀ 9900,000/-ਰੁਪੈ ਬਣਦੀ ਹੈ, ਨਿਰਧਾਰਿਤ ਕਰਕੇ ਈ -ਆਕਸ਼ਨ ਕਾਲ ਕਰ ਲਈ ਜਾਵੇ। ਜੇਕਰ ਤਜ਼ਵੀਜ਼ ਪ੍ਰਵਾਨ ਹੋਵੇ ਤਾਂ ਉਕਤ ਦਰਸਾਏ ਅਨੁਸਾਰ ਰਿਜਰਵ ਕੀਮਤ ਨਿਰਧਾਰਿਤ ਕਰਨ ਅਤੇ ਉਸ ਉਪਰੰਤ ਈ-ਆਕਸ਼ਨ ਦੀ ਸਾਰੀ ਦੀ ਸਾਰੀ ਕਾਰਵਾਈ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦੇਣ ਹਿੱਤ ਰਿਪੋਰਟ ਕਮਿਸ਼ਨਰ ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਅੱਗੇ ਵਿਚਾਰਨ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਰੈਵੀਨਿਊ ਇਸ ਸਮੇਂ ਪ੍ਰਾਪਤ ਹੋ ਰਿਹਾ ਹੈ, ਉਹ ਬੰਦ ਨਾ ਹੋਵੇ। |
| 5) | 105 | 10-01-2022 | **ਹੇਠ ਲਿਖੇ ਅਨੁਸਾਰ ਟੇਬਲ ਆਇਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ।**<br><br>**Rough Cost estimate for Annual Maintenance for water supply scheme of Sector-68 and 69 S.A.S Nagar for the year 2022-23 (E. Cost= 113.52 lacs).**<br>ਰਿਪੋਰਟ ਇੰਜ: ਸਾਖਾ (O&M) ਕਿ ਵਿਸ਼ੇ ਦੇ ਸਬੰਧੀ ਕੰਮ ਇਸ ਦਫ਼ਤਰ ਦੇ ਪੱਤਰ ਨੰ: 378 ਮਿਤੀ: 20-12-2021 ਰਾਂਹੀ ਚੀਫ ਇੰਜੀਨੀਅਰ (ਓ.ਐਡ.ਐਮ), ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਨੂੰ ਤਕਨੀਕੀ ਪ੍ਰਵਾਨਗੀ ਦੇਣ ਹਿੱਤ ਭੇਜਿਆ ਗਿਆ ਸੀ। ਉਕਤ ਕੰਮ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ (ਓ.ਐਡ.ਐਮ) ਜੀ ਦੇ ਪੱਤਰ ਨੰ: ਸੀ.ਈ./2022/456 ਮਿਤੀ: 04-01-2022 ਰਾਂਹੀ ਰਕਮ 107.03 ਲੱਖ ਰੁਪਏ ਦੀ ਪ੍ਰਾਪਤ ਹੋ ਚੁੱਕੀ ਹੈ। ਉਕਤ ਤਖਮੀਨਾ ਪ੍ਰਸਾਸਕੀ ਦੇਣ ਹਿੱਤ ਹਾਊਸ ਦੀ ਮੀਟਿੰਗ ਵਿੱਚ ਭੇਜਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |
| 6) | 106 | 10-01-2022 | **Annual Maintenance of water supply scheme of sector 79 & 80 S.A.S Nagar for the year 2022-23. (E. Cost= 124.78 lacs).** | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਰਿਪੋਰਟ ਇੰਜ: ਸਾਖਾ (O&M) ਕਿ ਵਿਸੇ ਦੇ ਸਬੰਧੀ ਕੰਮ ਇਸ ਦਫਤਰ ਦੇ ਪੱਤਰ ਨੰ: 378 ਮਿਤੀ 20-12-2021 ਰਾਹੀਂ ਚੀਫ ਇੰਜੀਨੀਅਰ (ਓ.ਐਡ.ਐਮ), ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਨੂੰ ਤਕਨੀਕੀ ਪ੍ਰਵਾਨਗੀ ਦੇਣ ਹਿੱਤ ਭੇਜਿਆ ਗਿਆ ਸੀ। ਉਕਤ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ (ਓ.ਐਡ.ਐਮ) ਜੀ ਦੇ ਪੱਤਰ ਨੰ: ਸੀ.ਈ./2022/455 **ਮਿਤੀ** 04-01-2022 ਰਾਂਹੀ ਰਕਮ 116.86 ਲੱਖ ਰੁਪਏ ਦੀ ਪ੍ਰਾਪਤ ਹੋ ਚੁੱਕੀ ਹੈ। ਉਕਤ ਤਖਮੀਨਾ ਪ੍ਰਸਾਸਕੀ ਦੇਣ ਹਿੱਤ ਹਾਊਸ ਦੀ ਮੀਟਿੰਗ ਵਿੱਚ ਭੇਜਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 7) | 107 | 10-01-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 07-01-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 8) | 108 | 10-01-2022 | ਮੀਟਿੰਗ ਦੌਰਾਨ ਡਿਪਟੀ ਮੇਅਰ ਜੀ ਵੱਲੋਂ ਤਜਵੀਜ ਕੀਤਾ ਗਿਆ ਕਿ ਨਗਰ ਨਿਗਮ ਦੀ ਮੌਜੂਦਾ ਹਦੂਦ ਵਿੱਚ ਵਾਧਾ ਕਰਨ ਲਈ ਮਤਾ ਨੰ: 25 ਮਿਤੀ: 28-06-2021 ਰਾਂਹੀ ਮਾਨਯੋਗ ਹਾਊਸ ਵੱਲੋਂ ਬਹੁ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਹੈ। ਇਸ ਉਪਰੰਤ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਦੀ ਅਧਿਸੂਚਨਾ ਨੰ: 06/11/2021-2ਸਸ1/1603 ਮਿਤੀ: ਚੰਡੀਗੜ੍ਹ 13-12-2021 ਜਾਰੀ ਕੀਤੀ ਜਾ ਚੁੱਕੀ ਹੈ। ਇਸ ਲਈ ਨਗਰ ਨਿਗਮ ਦੀ ਹਦੂਦ ਵਿੱਚ ਸ਼ਾਮਿਲ ਕੀਤੇ ਜਾਣ ਵਾਲੇ ਪਿੰਡ/ਸੈਕਟਰ/ਏਰੀਏ ਆਦਿ ਨੂੰ ਨਗਰ ਨਿਗਮ ਦੀ ਹਦੂਦ ਵਿੱਚ ਸ਼ਾਮਿਲ ਕਰਨ ਸਬੰਧੀ ਜੋ ਇਤਰਾਜ ਪਬਲਿਕ ਵੱਲੋਂ ਨਗਰ ਨਿਗਮ ਨੂੰ ਦਿੱਤੇ ਜਾਣਗੇ, ਉਹਨਾਂ ਇਤਰਾਜਾਂ ਦਾ ਨਿਪਟਾਰਾ ਕਰਨ ਦੇ ਅਧਿਕਾਰ ਕਮਿਸ਼ਨਰ, ਨਗਰ ਨਿਗਮ ਨੂੰ ਦਿੱਤੇ ਜਾਣੇ ਯੋਗ ਹਨ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

ਸਹੀ/-
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।